**BCM SCHOOL BASANT AVENUE DUGRI ROAD LUDHIANA**

**CLASS -IX SUB-PUNJABI**

**ASSIGNMENT FOR PRACTISE**

## ਵਿਸਮਿਕ ਅਤੇ ਉਸ ਦੀਆਂ ਕਿਸਮਾਂ

1. ਜਾਗਦੇ ਰਹੋ! ਠਹਿਰ ਜਾਓ! ਹੁਸ਼ਿਆਰ! ਸ਼ਬਦ ਕਿਸ ਕਿਸਮ ਦੇ ਵਿਸਮਿਕ ਹਨ ?
2. ਆਓ ਜੀ! ਜੀ ਆਇਆਂ ਨੂੰ! ਧੰਨ ਭਾਗ! ਕਿਸ ਪ੍ਰਕਾਰ ਦੇ ਵਿਸਮਿਕ ਹਨ?
3. 'ਹੈਂ! ਇਹ ਕੀ ਹੋ ਗਿਆ' ਵਾਕ ਵਿਚ ਕਿਸ ਪ੍ਰਕਾਰ ਦੇ ਵਿਸਮਿਕ ਦੀ ਵਰਤੋਂ ਹੋਈ ਹੈ।
4. 'ਕਾਸ਼! ਮੈਂ ਅਮੀਰ ਹੁੰਦਾ' ਵਾਕ ਵਿਚ ਕਿਹੜੇ ਵਿਸਮਿਕ ਦੀ ਵਰਤੋਂ ਹੋਈ ਹੈ
5. 'ਸ਼ਾਬਾਸ਼! ਖ਼ੁਸ਼ ਕੀਤਾ ਜੇ! ਸਦਕੇ ਓਇ ਤੇਰੇ! ਤੂੰ ਮੈਰਿਟ ਵਿਚ ਆਇਆ ਹੈਂ। ਵਾਕ ਵਿਚ ਕਿਹੜੇ ਵਿਸਮਿਕ ਦੀ ਵਰਤੋਂ ਹੋਈ ਹੈ ?
6. 'ਬੀਬਾ! ਮੇਰੀ ਗੱਲ ਤਾਂ ਸੁਣ' ਵਾਕ ਵਿਚ ਕਿਹੜੇ ਵਿਸਮਿਕ ਦੀ ਵਰਤੋਂ ਹੋਈ ਹੈ
7. 'ਵਾਹ! ਕਿੰਨਾ ਸੋਹਣਾ ਮੌਸਮ ਹੈ' ਵਾਕ ਵਿਚ ਕਿਹੜੇ ਵਿਸਮਿਕ ਦੀ ਵਰਤੋਂ ਹੋਈ ਹੈ

## ਕਿਰਿਆ ਅਤੇ ਉਸਦੀਆਂ ਕਿਸਮਾਂ

1. ਜਿਹੜੇ ਸ਼ਬਦ ਕਿਸੇ ਕੰਮ ਦੇ ਹੋਣ ਜਾਂ ਵਾਪਰਨ ਸਬੰਧੀ, ਕਾਲ ਸਹਿਤ ਜਾਣਕਾਰੀ ਦੇਣ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਹੈ ?
2. ਮੁੱਖ ਰੂਪ ਵਿਚ ਕਿਰਿਆ ਕਿੰਨੀ ਤਰ੍ਹਾਂ ਦੀ ਹੁੰਦੀ ਹੈ?
3. ਜਿਹੜੇ ਸ਼ਬਦਾਂ ਤੋਂ ਕਿਰਿਆਵਾਂ ਬਣਦੀਆਂ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ ?
4. 'ਕਰ, ਖਾ, ਸੁਣ, ਲਿਖ' ਕੀ ਹਨ?
5. ਜਿਸ ਵਾਕ ਵਿਚ ਕਿਰਿਆ ਦਾ 'ਕਰਮ' ਨਾ ਹੋਵੇ, ਉਸ ਨੂੰ ਕੀ ਕਹਿੰਦੇ ਹਨ?
6. ਜਿਸ ਵਾਕ ਵਿਚ ਕਿਰਿਆ ਦਾ ਕਰਮ ਹੋਵੇ, ਉਸ ਨੂੰ ਕੀ ਕਹਿੰਦੇ ਹਨ ?
7. ਜਿਨ੍ਹਾਂ ਵਾਕਾਂ ਵਿਚ 'ਹੈ', 'ਸੀ', 'ਸਨ' ਆਦਿ ਇਕੱਲਾ ਸ਼ਬਦ ਹੀ ਕਿਰਿਆ ਦਾ ਰੂਪ ਹੋਵੇ, ਉਸ ਨੂੰ ਕੀ ਕਹਿੰਦੇ ਹਨ ?
8. 'ਬੱਚੇ ਖੇਡਦੇ ਹਨ' ਵਾਕ ਵਿਚ ਕਿਸ ਪ੍ਰਕਾਰ ਦੀ ਕਿਰਿਆ ਹੈ ?